ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




20 March 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਅਲ ਨੂਰ ਮਸਜਿਦ 'ਚ ਕਸ਼ਮੀਰੀ ਹਾਈ ਸਕੂਲ ਦੇ 2 ਵਿਦਿਆਰਥੀਆਂ ਦੀ ਮੌਤ



ਵੈਲਿੰਗਟਨ (ਐੱਨ ਜ਼ੈੱਡ ਤਸਵੀਰ ਬਿਊਰੋ)– ਨਿਊਜ਼ੀਲੈਂਡ ਦੀ ਅਲ ਨੂਰ ਮਸਜਿਦ ਵਿਚ ਸ਼ੁੱਕਰਵਾਰ ਨੂੰ ਬੰਦੂਕਧਾਰੀ ਨੇ ਅੰਨ੍ਹੇਵਾਹ ਗੋਲੀਆਂ ਚਲਾਈਆਂ। ਜਦੋਂ ਇਹ ਘਟਨਾ ਵਾਪਰੀ ਉਦੋਂ ਉੱਥੇ ਕਸ਼ਮੀਰੀ ਹਾਈ ਸਕੂਲ ਦੇ 3 ਵਿਦਿਆਰਥੀ ਜੁਮੇ ਦੀ ਨਮਾਜ਼ ਅਦਾ ਕਰ ਰਹੇ ਸਨ। ਹੁਣ ਜਦੋਂ ਦੁਬਾਰਾ ਸਕੂਲ ਖੁੱਲ੍ਹੇਗਾ ਤਾਂ ਉਨ੍ਹਾਂ ਤਿੰਨਾਂ ਵਿਚੋਂ ਸ਼ਾਇਦ ਕੋਈ ਵੀ ਉੱਥੇ ਨਜ਼ਰ ਨਹੀਂ ਆਵੇਗਾ। ਅਜਿਹਾ ਦੱਸਿਆ ਜਾ ਰਿਹਾ ਹੈ ਕਿ ਦੋ ਵਿਦਿਆਰਥੀਆਂ ਦੀ ਮੌਤ ਹੋ ਗਈ ਹੈ ਜਦਕਿ ਤੀਜਾ ਹਸਪਤਾਲ ਵਿਚ ਭਰਤੀ ਹੈ। ਸਈਦ ਮਿਲਨੇ (14) ਦੇ ਪਿਤਾ ਨੇ ਇਕ ਅੰਗਰੇਜ਼ੀ ਅਖਬਾਰ ਨੂੰ ਦੱਸਿਆ ਕਿ ਉਨ੍ਹਾਂ ਦਾ ਬੇਟਾ ਆਖਰੀ ਵਾਰ ਮਸਜਿਦ ਵਿਚ ਜ਼ਮੀਨ 'ਤੇ ਖੂਨ ਨਾਲ ਲਥਪਥ ਦੇਖਿਆ ਗਿਆ ਸੀ। ਉਨ੍ਹਾਂ ਨੇ ਦੱਸਿਆ,"ਮੈਂ ਆਪਣੇ ਛੋਟੇ ਬੱਚੇ ਨੂੰ ਗਵਾ ਦਿੱਤਾ। ਉਹ ਸਿਰਫ 14 ਸਾਲ ਦਾ ਸੀ।" ਕਸ਼ਮੀਰੀ ਹਾਈ ਸਕੂਲ ਵਿਚ ਪਹਿਲਾਂ ਪੜ੍ਹ ਚੁੱਕੇ ਇਕ ਵਿਦਿਆਰਥੀ ਦੇ ਮਾਰੇ ਜਾਣ ਦੇ ਖਬਰ ਹੈ ਜੋ ਇਕ ਹੋਰ ਵਿਦਿਆਰਥੀ ਦਾ ਪਿਤਾ ਸੀ। ਐਤਵਾਰ ਨੂੰ ਸਕੂਲ ਦੇ ਬਾਹਰ ਵਿਦਿਆਰਥੀਆਂ ਨੇ ਮ੍ਰਿਤਕਾਂ ਦੀ ਯਾਦ ਵਿਚ ਫੁੱਲਾਂ ਦੇ ਗੁਲਦਸਤੇ ਚੜ੍ਹਾਏ।ਪ੍ਰਿੰਸੀਪਲ ਮਾਰਕ ਵਿਲਸਨ ਨੇ ਦੱਸਿਆ ਕਿ 2,000 ਤੋਂ ਵੱਧ ਵਿਦਿਆਰਥੀਆਂ ਵਾਲੇ ਇਸ ਸਕੂਲ ਵਿਚ ਕਲਾਸਾਂ ਦੁਬਾਰਾ ਸ਼ੁਰੂ ਹੋਣ 'ਤੇ ਸਲਾਹਕਾਰ ਅਤੇ ਟਰਾਮਾ ਮਾਹਰ ਸੱਦੇ ਜਾਣਗੇ। ਉਨ੍ਹਾਂ ਨੇ ਕਿਹਾ,"ਮੈਨੂੰ ਆਪਣੇ ਸਟਾਫ 'ਤੇ ਬਹੁਤ ਭਰੋਸਾ ਹੈ। ਮੈਨੂੰ ਆਪਣੇ ਸਕੂਲ ਦੇ ਭਾਈਚਾਰੇ 'ਤੇ ਵੀ ਭਰੋਸਾ ਹੈ। ਇਹ ਸ਼ਾਨਦਾਰ ਲੋਕਾਂ ਨਾਲ ਬਣਿਆ ਹੈ। ਫਿਰ ਵੀ ਇਹ ਮੁਸ਼ਕਲ ਹੋਣ ਜਾ ਰਿਹਾ ਹੈ। ਕਾਫੀ ਦੁੱਖ ਦਾ ਮਾਹੌਲ ਹੈ। ਮੈਨੂੰ ਲੱਗਦਾ ਹੈ ਕਿ ਸਾਨੂੰ ਇਕ-ਦੂਜੇ ਦੇ ਨਾਲ ਕਾਫੀ ਧੀਰਜ ਰੱਖਣਾ ਚਾਹੀਦਾ ਹੈ।" ਜਿਹੜੇ ਵਿਦਿਆਰਥੀਆਂ ਦੇ ਮਾਰੇ ਜਾਣ ਦੀ ਖਬਰ ਹੈ ਉਨ੍ਹਾਂ ਦੇ ਬਾਰੇ ਵਿਚ ਵਿਲਸਨ ਨੇ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ ਪਰ ਪੁਸ਼ਟੀ ਕੀਤੀ ਕਿ ਸ਼ੁੱਕਰਵਾਰ ਨੂੰ ਤਿੰਨੇ ਵਿਦਿਆਰਥੀ ਮਸਜਿਦ ਵਿਚ ਸਨ। ਉਨ੍ਹਾਂ ਨੇ ਦੱਸਿਆ ਕਿ ਇਕ ਵਿਦਿਆਰਥੀ ਹਸਪਤਾਲ ਵਿਚ ਭਰਤੀ ਹੈ। ਉਸ ਦੇ ਪੈਰ ਵਿਚ ਗੋਲੀ ਲੱਗੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ ਸਦਮੇ ਵਿਚੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰ ਰਹੇ ਬੱਚਿਆਂ ਲਈ ਸਕੂਲ ਸੁਰੱਖਿਅਤ ਜਗ੍ਹਾ ਸਾਬਤ ਹੋ ਸਕਦਾ ਹੈ। ਉਹ ਵਿਦਿਆਰਥੀਆਂ ਨੂੰ ਇਸ ਹਾਦਸੇ ਦੇ ਬਾਵਜੂਦ ਪਿਆਰ ਦੀ ਭਾਵਨਾ ਅਪਨਾਉਣ ਲਈ ਪ੍ਰੇਰਿਤ ਕਰ ਰਹੇ ਹਨ।

# ਚੋਣਾਂ ਦੇ ਮਾਹੌਲ 'ਚ ਇੱਕ ਕਰੋੜ ਦੀ ਪੁਰਾਣੀ ਕਰੰਸੀ ਤੇ ਹਥਿਆਰ ਬਰਾਮਦ



ਪਟਿਆਲਾ: ਚੋਣ ਕਮਿਸ਼ਨ ਵੱਲੋਂ ਚੋਣ ਜ਼ਾਬਤਾ ਲਾਏ ਜਾਣ ਪਿੱਛੋਂ ਪੁਲਿਸ ਥਾਂ-ਥਾਂ ਛਾਪੇਮਾਰੀ ਕਰ ਰਹੀ ਹੈ। ਇਸੇ ਦੌਰਾਨ ਪਟਿਆਲਾ ਪੁਲਿਸ ਨੂੰ ਨਾਕਾਬੰਦੀ ਦੌਰਾਨ ਇੱਕ ਕਰੋੜ ਦੀ ਪੁਰਾਣੀ ਤੇ ਇੱਕ ਲੱਖ 54 ਹਜ਼ਾਰ ਦੀ ਨਵੀਂ ਕਰੰਸੀ ਬਰਾਮਦ ਹੋਈ ਹੈ। ਇਸ ਤੋਂ ਇਲਾਵਾ 452 ਬੋਰ ਦਾ ਪਿਸਤੌਲ, 9 ਚੱਲੇ ਹੋਏ ਤੇ 13 ਜ਼ਿੰਦਾ ਕਾਰਤੂਸ ਵੀ ਮਿਲੇ ਹਨ। ਪਟਿਆਲਾ ਪੁਲਿਸ ਨੇ ਇਨਕਮ ਟੈਕਸ ਵਿਭਾਗ, ਈਡੀ ਤੇ ਚੋਣ ਕਮਿਸ਼ਨ ਨੂੰ ਇਸ ਪੂਰੇ ਮਾਮਲੇ ਬਾਰੇ ਜਾਣਕਾਰੀ ਦੇ ਦਿੱਤੀ ਹੈ। ਪੁਲਿਸ ਇਸ ਮਾਮਲੇ ਦੀ ਜਾਂਚ ਵਿੱਚ ਜੁਟ ਗਈ ਹੈ।ਸ਼ੁਰੂਆਤੀ ਜਾਂਚ ਦੌਰਾਨ ਪਤਾ ਲੱਗਾ ਹੈ ਕਿ ਇੰਨੀ ਕਰੰਸੀ ਤੇ ਹਥਿਆਰ ਲੈ ਕੇ ਮੁਲਜ਼ਮ ਅੰਬਾਲਾ ਤੋਂ ਚੱਲੇ ਸੀ ਤੇ ਇਨ੍ਹਾਂ ਨੇ ਪਟਿਆਲਾ ਤੋਂ ਵੀ ਅੱਗੇ ਜਾਣਾ ਸੀ। ਪਟਿਆਲਾ ਪੁਲਿਸ ਇਸ ਪੂਰੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

# ਅਰਡਰਨ ਨੇ ਹਮਲਾਵਰ ਦਾ ਨਾਮ ਨਾ ਲੈਣ ਦਾ ਲਿਆ ਸੰਕਲਪ



ਵੈਲਿੰਗਟਨ (ਐੱਨ ਜ਼ੈੱਡ ਤਸਵੀਰ ਬਿਊਰੋ)– ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ ਮੰਗਲਵਾਰ ਨੂੰ ਉਦਾਸ ਮਾਹੌਲ ਵਿਚ ਸੰਸਦ ਦੇ ਸੈਸ਼ਨ ਦੀ ਸ਼ੁਰੂਆਤ ਕੀਤੀ। ਅਰਡਰਨ ਨੇ ਸ਼ੁਰੂਆਤ ਵਿਚ ਮੁਸਲਮਾਨਾਂ ਨੂੰ 'ਅੱਸਲਾਮ ਅਲੈਕੁਮ' ਕਹਿੰਦਿਆਂ ਸ਼ਾਂਤੀ ਦਾ ਸੰਦੇਸ਼ ਦਿੱਤਾ ਅਤੇ ਦੇਸ਼ ਦੀਆਂ ਦੋ ਮਸਜਿਦਾਂ ਵਿਚ ਅੰਨ੍ਹੇਵਾਹ ਗੋਲੀਬਾਰੀ ਕਰ ਕੇ 50 ਲੋਕਾਂ ਨੂੰ ਮਾਰਨ ਵਾਲੇ ਹਮਲਾਵਰ ਦਾ ਨਾਮ ਕਦੇ ਨਾ ਲੈਣ ਦਾ ਸੰਕਲਪ ਲਿਆ। ਅਰਡਰਨ ਨੇ ਦੁਖੀ ਲੋਕਾਂ ਨੂੰ ਕਿਹਾ,"ਹਮਲਾਵਰ ਦੇਸ਼ ਦੇ ਕਾਨੂੰਨ ਦਾ ਸਾਹਮਣਾ ਕਰੇਗਾ।"

ਇਸ ਦੇ ਨਾਲ ਹੀ ਅਰਡਰਨ ਨੇ ਵਾਅਦਾ ਕੀਤਾ ਕਿ ਹਮਲਾਵਰ ਦਾ ਨਾਮ ਬਿਲਕੁੱਲ ਨਹੀਂ ਲਿਆ ਜਾਵੇਗਾ ਤਾਂ ਜੋ ਉਸ ਨੂੰ ਕਿਸੇ ਤਰ੍ਹਾਂ ਦਾ ਪ੍ਰਚਾਰ ਨਾ ਮਿਲ ਸਕੇ। ਉਨ੍ਹਾਂ ਨੇ 28 ਸਾਲਾ ਹਮਲਾਵਰ ਦੇ ਬਾਰੇ ਵਿਚ ਕਿਹਾ," ਉਸ ਨੇ ਜੋ ਕੀਤਾ, ਉਸ ਦੇ ਕਈ ਉਦੇਸ਼ ਸਨ ਜਿਨ੍ਹਾਂ ਵਿਚ ਇਕ ਸੁਰਖੀਆਂ ਬਟੋਰਨਾ ਸੀ। ਇਸ ਲਈ ਤੁਸੀਂ ਕਦੇ ਵੀ ਮੇਰੇ ਮੂੰਹੋਂ ਉਸ ਦਾ ਨਾਮ ਨਹੀਂ ਸੁਣੋਗੇ। ਉਹ ਇਕ ਅੱਤਵਾਦੀ ਹੈ, ਅਪਰਾਧੀ ਹੈ, ਕੱਟੜਵਾਦੀ ਹੈ। ਪਰ ਹੁਣ ਉਸ ਦਾ ਕੋਈ ਨਾਮ ਨਹੀਂ ਹੋਵੇਗਾ।" ਕਾਲੇ ਰੰਗ ਦਾ ਪਹਿਰਾਵਾ ਪਾਈ 38 ਸਾਲਾ ਅਰਡਰਨ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ ਵਿਚ ਕਿਹਾ,"ਅਲੈਕੁਲ ਸਲਾਮ ਵਾ ਰਹਿਮਤੁਲਾਹੀ ਵਾ ਬਰਕੁਤਹ। ਅੱਲਾਹ ਦੀ ਦੁਆ, ਸ਼ਾਂਤੀ ਅਤੇ ਦਇਆ ਤੁਹਾਡੇ ਸਾਰਿਆਂ 'ਤੇ ਬਣੀ ਰਹੇ।" ਆਪਣੇ ਸੰਬੋਧਨ ਦੇ ਅਖੀਰ ਵਿਚ ਉਨ੍ਹਾਂ ਨੇ ਕਿਹਾ,"ਸ਼ੁੱਕਰਵਾਰ ਨੂੰ ਇਸ ਹਮਲੇ ਦਾ ਇਕ ਹਫਤਾ ਹੋ ਜਾਵੇਗਾ। ਇਸ ਦਿਨ ਮੁਸਲਿਮ ਭਾਈਚਾਰੇ ਦੇ ਲੋਕ ਨਮਾਜ਼ ਲਈ ਇਕੱਠੇ ਹੋਣਗੇ। ਸਾਨੂੰ ਉਨ੍ਹਾਂ ਦਾ ਦਰਦ ਸਮਝਣਾ ਚਾਹੀਦਾ ਹੈ।" ਹਮਲਿਆਂ ਵਿਚ ਮਾਰੇ ਗਏ ਲੋਕਾਂ ਦੀ ਪਛਾਣ ਅਤੇ ਉਨ੍ਹਾਂ ਦੇ ਫੋਰੇਂਸਿਕ ਦਸਤਾਵੇਜ਼ੀਕਰਨ ਦੀ ਪ੍ਰਕਿਰਿਆ ਵਿਚ ਸਮਾਂ ਲੱਗਣ ਕਾਰਨ ਹੁਣ ਤੱਕ ਮ੍ਰਿਤਕਾਂ ਨੂੰ ਦਫਨਾਇਆ ਨਹੀਂ ਜਾ ਸਕਿਆ। ਇਸਲਾਮਿਕ ਪਰੰਪਰਾ ਮੁਤਾਬਕ ਆਮ ਤੌਰ 'ਤੇ ਮੌਤ ਦੇ 24 ਘੰਟੇ ਦੇ ਅੰਦਰ ਹੀ ਲਾਸ਼ ਨੂੰ ਦਫਨਾ ਦਿੱਤਾ ਜਾਂਦਾ ਹੈ। ਮ੍ਰਿਤਕਾਂ ਦੇ ਪਰਿਵਾਰ ਵਾਲੇ ਉਨ੍ਹਾਂ ਦੀਆਂ ਆਖਰੀ ਰਸਮਾਂ ਪੂਰੀਆਂ ਕਰਨ ਲਈ ਇਕੱਠੇ ਹੋ ਰਹੇ ਹਨ। ਹਾਲਾਂਕਿ ਹਾਲੇ ਤੱਕ ਕੁਝ ਲਾਸ਼ਾਂ ਦੀ ਪਛਾਣ ਨਹੀਂ ਹੋ ਪਾਈ ਹੈ।

# ਕ੍ਰਾਇਸਟਚਰਚ ਹਮਲੇ ਦੀ ਵੀਡੀਓ ਸ਼ੇਅਰ ਕਰਨ ਵਾਲੇ ਨਾਬਾਲਿਗ ਨੂੰ ਨਹੀਂ ਮਿਲੇਗੀ ਜ਼ਮਾਨਤ

ਕ੍ਰਾਇਸਟਚਰਚ – ਸਥਾਨਕ ਅਦਾਲਤ ਨੇ 15 ਮਾਰਚ ਨੂੰ ਕ੍ਰਾਇਸਟਚਰਚ ਦੀਆਂ ਮਸਜਿਦਾਂ 'ਚ ਹੋਏ ਹਮਲੇ ਦੀ ਵੀਡੀਓ ਸ਼ੇਅਰ ਕਰਨ ਦੇ ਦੋਸ਼ੀ 18 ਸਾਲਾ ਕਿਸ਼ੋਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਹਮਲੇ ਨੂੰ ਅੰਜ਼ਾਮ ਦੇਣ ਵਾਲੇ ਬੰਦੂਕਧਾਰੀ ਨੇ ਇਸ ਦੀ ਲਾਈਵ ਸਟ੍ਰੀਮਿੰਗ ਕੀਤੀ ਸੀ ਅਤੇ ਇਸ 'ਚ 50 ਲੋਕ ਮਾਰੇ ਗਏ। 'ਦਿ ਨਿਊਜ਼ੀਲੈਂਡ ਹੇਰਾਲਡ' ਮੁਤਾਬਕ, ਨਾਬਾਲਿਗ 'ਤੇ 2 ਦੋਸ਼ ਲਾਏ ਗਏ ਹਨ। ਪਹਿਲਾ ਦੋਸ਼ ਵੀਡੀਓ ਸ਼ੇਅਰ ਕਰਨ ਲਈ ਅਤੇ ਦੂਜਾ 'ਟੀਚਾ ਪੂਰਾ ਹੋਇਆ' ਦੇ ਸੰਦੇਸ਼ ਅਤੇ 'ਚਰਮ ਹਿੰਸਾ ਭੜਕਾਉਂਦੇ ਹੋਏ' ਜਿਹੇ ਹੋਰ ਸੰਦੇਸ਼ਾਂ ਨਾਲ ਮਸਜਿਦ ਦੇ ਹਮਲੇ ਦੀ ਤਸਵੀਰ ਪੋਸਟ ਕਰਨ ਲਈ ਲਾਇਆ ਗਿਆ ਹੈ।

ਨਾਬਾਲਿਗ ਨੂੰ ਅੱਜ ਕ੍ਰਾਇਸਟਚਰਚ ਕੋਰਟ 'ਚ ਪੇਸ਼ ਕੀਤਾ ਗਿਆ ਅਤੇ ਉਸ ਦਾ ਨਾਂ ਪ੍ਰਕਾਸ਼ਿਤ ਨਾ ਕਰਨ ਦਾ ਆਦੇਸ਼ ਦਿੱਤਾ ਗਿਆ ਹੈ। ਹਾਲਾਂਕਿ ਜਸਟਿਸ ਸਟੀਫਨ ਓ ਡ੍ਰਿਸਕੋਲ ਵੱਲੋਂ ਉਸ ਦੀ ਜ਼ਮਾਨਤ ਦੀ ਅਪੀਲ ਨੂੰ ਖਾਰਿਜ ਕਰ ਦਿੱਤਾ ਗਿਆ। ਪੁਲਸ ਨੇ ਆਖਿਆ ਕਿ ਨਾਬਾਲਿਗ ਅਲ ਨੂਰ ਮਸਜਿਦ ਅਤੇ ਲਿਨਵੁੱਡ ਐਵੀਨਿਊ ਮਸਜਿਦ 'ਚ ਹੋਈ ਗੋਲੀਬਾਰੀ 'ਚ ਸ਼ਾਮਲ ਨਹੀਂ ਸੀ, ਜਿਸ 'ਚ 40 ਹੋਰ ਵੀ ਜ਼ਖਮੀ ਹੋਏ ਹਨ। ਅਗਲੇ ਮਹੀਨੇ ਅਦਾਲਤ 'ਚ ਉਸ ਦੀ ਫਿਰ ਤੋਂ ਪੇਸ਼ੀ ਹੈ। ਨਾਬਾਲਿਗ 'ਤੇ ਸ਼ੁਰੂ 'ਚ ਨਸਲ, ਜਾਤੀ ਜਾਂ ਕੌਮੀਅਤ ਦੇ ਆਧਾਰ 'ਤੇ ਵਿਅਕਤੀਆਂ ਦੇ ਇਕ ਸਮੂਹ ਖਿਲਾਫ ਵਿਰੁੱਧ ਭੜਕਾਉਣ ਦੇ ਇਰਾਦੇ ਨਾਲ ਅਪਮਾਨਜਨਕ ਸਮਗੱਰੀ ਪ੍ਰਕਾਸ਼ਿਤ ਕਰਨ ਦਾ ਦੋਸ਼ ਲਾਇਆ ਗਿਆ ਸੀ। ਇਹ ਦੋਸ਼ ਸੋਮਵਾਰ ਨੂੰ ਵਾਪਸ ਲੈ ਲਿਆ ਗਿਆ ਅਤੇ ਉਸ ਦੀ ਥਾਂ 2 ਨਵੇਂ ਦੋਸ਼ ਲਾਏ ਗਏ। ਹਰੇਕ ਦੋਸ਼ ਲਈ ਵੱਧ ਤੋਂ ਵੱਧ ਸਜ਼ਾ 14 ਸਾਲ ਦੀ ਜੇਲ ਹੈ।



# ਨਿਊਜ਼ੀਲੈਂਡ ਗੋਲੀਬਾਰੀ ਚ ਮੈਨੂੰ ਦੋਸ਼ੀ ਠਹਿਰਾਉਣ ਲਈ ਓਵਰਟਾਈਮ ਕਰ ਰਿਹੈ ਮੀਡੀਆ : ਟਰੰਪ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਅਮਰੀਕੀ ਮੀਡੀਆ ਸੰਗਠਨਾਂ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਨੇ ਕਿਹਾ ਕਿ ਨਿਊਜ਼ੀਲੈਂਡ ਵਿਚ ਬੀਤੇ ਹਫਤੇ ਹੋਏ ਦੋਹਰੇ ਅੱਤਵਾਦੀ ਹਮਲਿਆਂ ਲਈ ਉਨ੍ਹਾਂ 'ਤੇ ਦੋਸ਼ ਲਗਾਉਣਾ 'ਹਾਸੋਹੀਣਾ' ਹੈ। ਟਰੰਪ ਨੇ ਟਵੀਟ ਕੀਤਾ,"ਫੇਕ ਨਿਊਜ਼ ਮੀਡੀਆ ਨਿਊਜ਼ੀਲੈਂਡ ਵਿਚ ਹੋਏ ਭਿਆਨਕ ਹਮਲੇ ਲਈ ਮੈਨੂੰ ਦੋਸ਼ੀ ਠਹਿਰਾਉਣ ਲਈ ਓਵਰਟਾਈਮ ਕਰ ਰਿਹਾ ਹੈ। ਉਨ੍ਹਾਂ ਨੂੰ ਇਹ ਸਾਬਤ ਕਰਨ ਲਈ ਬਹੁਤ ਮਿਹਨਤ ਕਰਨਾ ਪਵੇਗੀ।" ਅਮਰੀਕੀ ਰਾਸ਼ਟਰਪਤੀ ਦੀ ਟਿੱਪਣੀ ਕੁਝ ਅਮਰੀਕੀ ਮੀਡੀਆ ਕਵਰੇਜ਼ ਦੇ ਬਾਅਦ ਆਈ। ਖਬਰਾਂ ਵਿਚ ਅੱਤਵਾਦੀ ਦੇ ਘੋਸ਼ਣਾ ਪੱਤਰ ਦੇ ਹਵਾਲੇ ਨਾਲ ਕਿਹਾ ਗਿਆ ਸੀ,"ਟਰੰਪ ਨਵੇਂ ਸਿਰੇ ਨਾਲ ਗੋਰਿਆਂ ਦੀ ਪਛਾਣ ਦਾ ਪ੍ਰਤੀਕ ਹਨ।" ਵ੍ਹਾਈਟ ਹਾਊਸ ਨੇ ਇਨ੍ਹਾਂ ਦਾਅਵਿਆਂ ਨੂੰ ਖਾਰਿਜ ਕਰ ਦਿੱਤਾ ਹੈ ਕਿ ਟਰੰਪ ਗੋਰਿਆਂ ਵਾਲੀ ਰਾਸ਼ਟਰਵਾਦੀ ਵਿਚਾਰਾਂ ਦਾ ਸਮਰਥਨ ਕਰਦੇ ਹਨ। ਵ੍ਹਾਈਟ ਹਾਊਸ ਦੇ ਚੀਫ ਆਫ ਸਟਾਫ ਮਿਲ ਮੁਲਵੇਨੇ ਨੇ ਕਿਹਾ ਕਿ ਰਾਸ਼ਟਰਪਤੀ ਇਕ White Supremacy ਨਹੀਂ ਹਨ। ਮੈਨੂੰ ਨਹੀਂ ਪਤਾ ਕਿ ਸਾਨੂੰ ਇਹ ਕਿੰਨੀ ਵਾਰ ਕਹਿਣਾ ਪਵੇਗਾ।" ਅਸਲ ਵਿਚ ਦੋਸ਼ੀ ਬ੍ਰੇਂਟੇਨ ਟੈਰੇਂਟ ਨਾਲ ਸਬੰਧਤ ਇਕ ਮੈਨੀਫੈਸਟੋ ਸੋਸ਼ਲ ਮੀਡੀਆ ਅਕਾਊਂਟ 'ਤੇ ਪੋਸਟ ਕੀਤਾ ਗਿਆ ਸੀ। ਇਸ ਮੈਨੀਫੈਸਟੋ ਵਿਚ ਗੈਰ ਪ੍ਰਵਾਸੀ ਅਤੇ ਮੁਸਲਿਮ ਵਿਰੋਧੀ ਵਿਚਾਰਧਾਰਾ ਬਾਰੇ ਲਿਖਿਆ ਗਿਆ ਸੀ। ਪੋਸਟ ਵਿਚ ਲਿਖਿਆ ਗਿਆ ਸੀ ਕਿ ਉਹ ਟਰੰਪ ਦਾ ਸਮਰਥਨ ਕਰਦੇ ਹਨ ਕਿਉਂਕਿ ਦੋਵੇਂ ਇਕ ਹੀ ਉਦੇਸ਼ ਲਈ ਕੰਮ ਕਰ ਰਹੇ ਹਨ। ਇਸ ਮਗਰੋਂ ਟਰੰਪ ਨੇ ਕਿਹਾ ਸੀ ਕਿ ਉਹ ਦੁਨੀਆ ਵਿਚ ਗੋਰਿਆਂ ਵਾਲੇ ਰਾਸ਼ਟਰਵਾਦ ਵਿਚ ਵਾਧਾ ਨਹੀਂ ਦੇਖ ਰਹੇ ਹਨ। ਟਰੰਪ ਨੇ ਕਿਹਾ,"ਮੈਂ ਅਸਲ ਵਿਚ ਅਜਿਹਾ ਨਹੀਂ ਸੋਚਦਾ। ਮੈਨੂੰ ਲੱਗਦਾ ਹੈ ਕਿ ਇਹ ਕੁਝ ਲੋਕਾਂ ਦਾ ਛੋਟਾ ਜਿਹਾ ਸਮੂਹ ਹੈ ਜੋ ਇਸ ਗੰਭੀਰ ਸਮੱਸਿਆ ਨਾਲ ਜੂਝ ਰਿਹਾ ਹੈ।"



## Matrimonial

"35 year old 5'-9" Jatt Singh Gill Boy PR NZ Looking for Beautiful Educated Girl whole Family Sealed in NZPhone : 0221952162"092670825

